## PUNJAB STATE LEGAL SERVICES AUTHORITY

Site no. 126, Sector 69, SAS Nagar – 160062
Ph. No. 0172-2216750, 0172-2216690
Toll Free: 15100
e-mail: ms@punjab.gov.in
website: https://pulsa.punjab.gov.in


# ਪਬਲਿਕ ਨੋਟਿਸ

**05/PULSA/2026**

ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ ਵੱਲੋਂ 22 ਪ੍ਰੋਸੈਸ ਸਰਵਰ ਦੀਆਂ ਅਸਾਮੀਆਂ ਦੀ ਭਰਤੀ ਦੇ ਸੰਦਰਭ ਵਿੱਚ ਮਿਤੀ 01.02.2026 ਨੂੰ ਪੰਜਾਬੀ ਭਾਸ਼ਾ ਪ੍ਰੀਖਿਆ ਲਈ ਜਾ ਰਹੀ ਹੈ। ਪ੍ਰੀਖਿਆ ਦੀ ਮਿਤੀ, ਸਮਾਂ ਅਤੇ ਈ-ਐਡਮਿਟ ਕਾਰਡ ਦੇ ਡਾਉਨਲੋਡ ਬਾਰੇ ਮੁਕੰਮਲ ਜਾਣਕਾਰੀ ਇਸ ਵਿਭਾਗ ਵੱਲੋਂ ਵੱਖਰੇ ਪਬਲਿਕ ਨੋਟਿਸਾਂ ਰਾਹੀਂ ਪ੍ਰਕਾਸ਼ਿਤ ਕੀਤੀ ਜਾ ਚੁੱਕੀ ਹੈ।

ਇਸ ਸਟੇਟ ਅਥਾਰਟੀ ਦੇ ਨੋਟਿਸ ਵਿੱਚ ਆਇਆ ਹੈ ਕਿ ਕੁੱਝ ਉਮੀਦਵਾਰਾਂ ਵੱਲੋਂ ਆਪਣੇ ਸਹੀ ਰਜਿਸਟ੍ਰੇਸ਼ਨ ਨੰਬਰ/ਈ-ਮੇਲ ਆਈ.ਡੀ/ਮੋਬਾਇਲ ਨੰਬਰ (ਜੋ ਕਿ ਉਹਨਾਂ ਵੱਲੋਂ ਫਾਰਮ ਭਰਨ ਸਮੇਂ ਦਰਜ ਕਰਵਾਏ ਗਏ ਸਨ) ਦੀ ਜਾਣਕਾਰੀ ਨਾਂ ਹੋਣ ਕਾਰਨ ਈ-ਐਡਮਿਟ ਕਾਰਡ ਡਾਊਨਲੋਡ ਨਹੀਂ ਹੋ ਰਿਹਾ ਅਤੇ ਇਸ ਤਰ੍ਹਾਂ ਦੇ ਉਮੀਦਵਾਰ ਸਟੇਟ ਅਥਾਰਟੀ ਨੂੰ ਵੱਖ-ਵੱਖ ਮਾਧਿਅਮਾਂ ਰਾਹੀਂ ਸੰਪਰਕ ਕਰ ਰਹੇ ਹਨ।

ਇਸ ਸਟੇਟ ਅਥਾਰਟੀ ਵੱਲੋਂ ਇਹ ਸਪੱਸ਼ਟ ਕੀਤਾ ਜਾਂਦਾ ਹੈ ਕਿ ਉਕਤ ਦਰਸਾਈਆਂ ਉਣਤਾਈਆਂ ਕਾਰਨ ਜੇਕਰ ਕੋਈ ਉਮੀਦਵਾਰ ਆਪਣਾ ਈ-ਐਡਮਿਟ ਕਾਰਡ ਡਾਉਨਲੋਡ ਕਰਨ ਵਿੱਚ ਅਸਮਰੱਥ ਹੈ ਤਾਂ **ਉਸ ਦੀ ਜਿੰਮੇਵਾਰੀ ਇਸ ਸਟੇਟ ਅਥਾਰਟੀ ਦੀ ਬਿਲਕੁੱਲ ਨਹੀਂ ਹੋਵੇਗੀ** ਕਿਉਂਜੋ ਈ-ਐਡਮਿਟ ਕਾਰਡ ਡਾਊਨਲੋਡ ਦਾ ਪ੍ਰੋਸੈੱਸ ਆਨਲਾਈਨ ਹੈ ਅਤੇ ਉਮੀਦਵਾਰ ਵੱਲੋਂ ਸਹੀ ਜਾਣਕਾਰੀ (ਜਿਵੇਂ ਕਿ ਮੋਬਾਇਲ ਨੰਬਰ, ਈ-ਮੇਲ ਆਈ.ਡੀ, ਰਜਿਸਟਰੇਸ਼ਨ ਨੰਬਰ) ਭਰਨ ਤੇ ਹੀ ਈ-ਐਡਮਿਟ ਕਾਰਡ ਡਾਊਨਲੋਡ ਕੀਤਾ ਜਾ ਸਕਦਾ ਹੈ।

ਦੁਬਾਰਾ ਫਿਰ ਸਪੱਸ਼ਟ ਕੀਤਾ ਜਾਂਦਾ ਹੈ ਕਿ ਬਿਨਾਂ ਐਡਮਿਟ ਕਾਰਡ ਤੋਂ ਕਿਸੇ ਵੀ ਉਮੀਦਵਾਰ ਨੂੰ ਪ੍ਰੀਖਿਆ ਵਿੱਚ ਬੈਠਣ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ।

ਸਹੀ/-
ਮੈਂਬਰ ਸਕੱਤਰ